੧ ਓ ਵਾਹਿਗੁਰੂ ਜੀ ਕੀ ਫ਼ਤਹਿ।

ਅਕਾਲੀ ਪੁਸਤਕ ਭੰਡਾਰ ਵਲੋਂ

# ਅਗਿ ਤੁਰਨਾ

ਪ੍ਰਕਾਸ਼ਕ

ਭਾਈ ਈਸ਼ਰ ਸਿੰਘ ਮਿਣਵਾਲੀਆ

ਮਾਲਕ ਅਕਾਲੀ ਪੁਸਤਕ ਭੰਡਾਰ ਲਾਇਲਪੁਰ

ਅਕਾਲੀ ਪਤ੍ਰਕਾ ਪ੍ਰੈਸ ਬੇਰੂਨ ਮੋਰੀ ਦਰਵਾਜ਼ਾ ਲਾਹੌਰ ਵਿਚ ਸ: ਗੁਰਦਾਸ ਸਿੰਘ ਪ੍ਰਿੰਟਰ ਦੇ ਯਤਨ ਨਾਲ ਛਪਿਆ ਅਤੇ ਸ: ਈਸ਼ਰ ਸਿੰਘ ਮਿਣਵਾਲੀਆ ਪਬਲਿਸ਼ਰ ਨੇ ਅਕਾਲੀ ਪੁਸਤਕ ਭੰਡਾਰ ਭਵਾਨਾ ਬਾਜ਼ਾਰ ਲਾਇਲਪੁਰ ਵਿਚੋਂ ਪ੍ਰਕਾਸ਼ਤ ਕੀਤਾ।

Original with: Language ... Digitized by: Panjab Digital Library

੧ ੴ ਸਤਿਗੁਰ ਪ੍ਰਸਾਦਿ ।

--:o:--

ਬਹੁਤ ਜਤਨ ਨਾਲ ਅਗਲੇ ਜ਼ਮਾਨੇ ਦੀਆਂ ਕਿਤਾਬਾਂ ਵਿਚੋਂ ਅਜਮੂਦਾ ਕਰਕੇ ਅਰ ਕਢ ਕਰਕੇ ਏਹ ਬਨਾਯਾ ਹੈ ਜੇ ਕੋਈ ਅੰਗ ਫੁਰੇ ਤਾਂ ਫਲ ਉਸਦਾ ਮਾਲਮ ਕਰੋ।

॥ ਸਿਰ ਦਾ ਫਲ ॥

ਜੇ ਸਿਰ ਵਿਚੋਂ ਫੁਰੇ ਤਾਂ ਹਜ਼ਾਰਾਂ ਹੀ ਖਤਰੇ ਬਲਾਈਂ ਤੇ ਫਿਕਰ ਦੂਰ ਹੋਨ ਦੌਲਤ ਤੇ ਮੁਰਾਤਬਾ ਉਸਨੂੰ ਹਾਸਲ ਹੋਵੇ ਤੇ ਧਨ ਪ੍ਰਾਪਤ ਹੋਵੇ ।੧। ਜੇ ਸਿਰ ਦੀਆਂ ੧੫ ਸਗਿਰਦਾਂ ਫੁਰਨ ਤਾਂ ਵਡਿਆਂ ਦੇ ਹਜੂਰ ਵਡਿਆਈ ਪਾਵੇ। ੨ । ਜੇ ਸਜੇ ਪਾਸੇ ਵਲੋਂ ਸਿਰ ਫੁਰੇ ਤਾਂ ਪੈਂਡਾ ਦੇਖੇ ਤੇ ਮੁਰਾਦ ਨੂੰ ਪਹੁੰਚੇ ।੩। ਜੇ ਖਬੇ ਪਾਸੇ ਵਲ ਤੇ ਸਿਰ ਫੁਰੇ ਤਾਂ ਦੁਖ ਦੂਰ ਹੋਵੇ ਤੇ ਮਰਾਤਬਾ ਪਾਵੇ। ੪ ।ਜੇ ਸਿਰ ਦੇ ਪਿਛੋਂ ਸਜੇ ਵਲ ਫੁਰੇ ਤਾਂ ਅਪਨਾ ਬਾਊਂ ਛੁਟੇ ਤੇ ਮੁਸਾਫਰ ਹੋਵੇ ਜਿਥੇ ਜਾਏ ਤਿਥੇ ਧਨ ਪਾਵੇ। ੫। ਜੇ ਸਿਰ ਦੇ ਪਿਛੋਂ ਖਬੇ ਫੁਰੇ ਤਾਂ ਵਡਿਆਈ ਦੇਖੇ ਤੇ ਵਡੇ ਉਸਦੇ ਮੁਹਤਾਜ ਹੋਨ।੬।

ਮਥੇ ਕਾ ਫਲ

ਜੇ ਮਥਾ ਵਿਚ ਤੇ ਫੁਰੇ ਤਾਂ ਓਹ ਕੁਲੀ ਦੀ ਤਰਾਂ ਪਰਦੇਸ ਜਾਵੇ ਤੇ ਬਹੁਤ ਖਟ ਕੇ ਲਿਆਵੇ ਅਪਨੀ ਜਗਹ ਆਵੇ। ੭ । ਜੇ ਮਥਾ ਖਬੀ ਤਰਫੋਂ ਫੁਰੇ ਤਾਂ ਵਡਿਆਈ ਪਾਵੇ ਤੇ ਮਤਲਬ ਪੂਰਾ ਕਰੇ।੮।

ਭਵਾਂ ਫਲ

ਜੇ ਸਜੀ ਵਲੋਂ ਫੁਰੇ ਤਾਂ ਪੁਤ੍ਰ ਹੋਵੇ। ੯ ॥ ਜੇ ਖਬੀ ਭਵਾਂ ਫੁਰੇ ਤਾਂ ਦੌਲਤ ਪਾਵੇ ਯਾ ਰੋਜੀ ਮਿਲੇ ।੧੦। ਜੇ ਦੋਹਾਂ ਦੇ ਵਿਚੋਂ ਫੁਰੇ ਤਾਂ ਜਾਨੀ ਮਿਲੇ ਯਾਂ ਜਾਨੀ ਦੀ ਖੁਸ਼ਹਾਲੀ ਦੇਖੇ ।੧੧। ਜੇ ਦੋਨੋਂ ਭਵਾਂ ਇਕਠੀਆਂ ਫੁਰੇ ਤਾਂ ਥੋੜਾ ਸਾ ਦਿਲਗੀਰ ਹੋਵੇ। ੧੨ ।

ਨੇਤਰ ਫਲ

ਜੇ ਸਜੀ ਅਖ ਫੁਰੇ ਤਾਂ ਸੁਖ ਦੇਖੇ ਇਜਤ ਤੇ ਮਾਨ ਪਾਵੇ। ੧੩। ਜੇ ਖਬੀ ਅਖ ਫੁਰੇ ਤਾਂ ਦਿਲਗੀਰ ਹੋਵੇ। ੧੪। ਜੇ ਸਜੀ ਅਖ ਵਿਚ ਤੇ

Original with: Language Department Punjab
Digitized by: Panjab Digital Library

ਤਾਂ ਦੁਖ ਤੇ ਛੁਟੇ ਤੇ ਖੁਸ਼ਹਾਲੀ ਹੋਇ।੧੫।ਜੇ ਦੋਨੋ ਵਿਚ ਤੇ ਫੁਰੇ ਤਾਂ ਬੀਮਾਰੀ ਹੋਇ। ੧੬। ਜੇ ਸਜੀ ਅਖ ਦਾ ਸਜਾ ਕੋਨਾਂ ਫੁਰੇ ਤਾਂ ਖੁਸ਼ਹਾਲੀ ਦੇਖੇ ਤੇ ਪੈਸੇ ਹਥ ਲਗਨ ਤੇ ਮਿਤ੍ਰ ਮੇਹਰਬਾਨ ਹੋਵੇ।੧੭। ਜੇ ਖਬੀ ਅਖ ਦਾ ਸਜਾ ਕੋਨਾ ਫੁਰੇ ਤਾਂ ਗਈ ਵਸਤ ਲਭੇ । ੧੮। ਜੇ ਸਜੀ ਅਖ ਦਾ ਖਬਾ ਕੋਨਾ ਫੁਰੇ ਤਾਂ ਐਸ਼ ਅਤੇ ਖੁਸ਼ਹਾਲੀ ਦੇਖੇ ।੧੯। ਜੇ ਖਬੀ ਅਖ ਦਾ ਖਬਾ ਕੋਨਾ ਫੁਰੇ ਤਾਂ ਵਡਿਆਈ ਪਾਵੇ ਬਖਤਾਵਰ ਪੁਤ੍ਰ ਹੋਵੇ।੨੦।ਖਬੀ ਅਖ ਦੀ ਉਪਰਲੀ ਪਲਕ ਫੁਰੇ ਤਾਂ ਦੁਸ਼ਮਨ ਉਠੇ ਤੇ ਲੜਾਈ ਹੋਵੇ ਤੇ ਦਿਲਗੀਰ ਕਰੇ।੨੧। ਜੇ ਸਜੀ ਅਖ ਦੀ ਤਲੇ ਦੀ ਪਲਕ ਫੁਰੇ ਤਾਂ ਬੰਦੀ ਖਾਨੇ ਪਵੇ ਤੇ ਮੁਸ਼ਕਲ ਹੋਵੇ। ੨੨। ਜੇ ਖਬੀ ਅਖ ਦੀ ਤਲੇ ਦੀ ਪਲਕ ਫੁਰੇ ਤਾਂ ਖੁਸ਼ਹਾਲੀ ਦੇਖੇ ਅਹੁਦੇ ਨੂੰ ਪਹੁੰਚੇ।੨੩।

### ਪਿਪਨੀ ਫਲ

ਜੇ ਸਜੀ ਅਖ ਦੀ ਉਪਰਲੀ ਪਿਪਨੀ ਫੁਰੇ ਤਾਂ ਸ਼ਾਦੀ ਦੇਖੇ॥ ੨੪॥ ਜੇ ਖਬੀ ਅਖ ਦੀ ਉਪਰਲੀ ਪਿਪਨੀ ਫੁਰੇ ਤਾਂ ਗ਼ਮ ਦੇਖੇ॥ ੨੫॥ ਜੇ ਸਜੀ ਅਖ ਦੀ ਥਲੇ ਦੀ ਪਿਪਨੀ ਫੁਰੇ ਤਾਂ ਬਹੁਤ ਦੁਖ ਹੋਵੇ ਪੁਤ ਆਦਿ ਸੇ ਅਜਾਬ ਪਾਏ॥ ੨੬। ਜੇ ਖਬੀ ਅਖ ਦੀ ਥਲੇ ਦੀ ਪਿਪਨੀ ਫੁਰੇ ਤਾਂ ਦੁਸ਼ਮਨ ਦਾ ਡਰ ਹੋਵੇ ਅਤੇ ਹਾਰ ਹੋਵੇ॥ ੨੭॥ਜੇ ਸਜੀ ਅਖ ਆਸ ਪਾਸ ਫੁਰੇ ਤਾਂ ਸ਼ਾਦੀ ਦੇਖੇ ਖੁਸ਼ੀ ਹੋਵੇ।੨੮। ਜੇ ਸਜੀ ਅਖ ਦਾ ਦੀਦਾ ਫੁਰੇ ਤਾਂ ਦੁਖ ਤੇ ਛੁਟੇ।੨੯। ਜੇ ਖਬੀ ਅਖ ਦਾ ਦੀਦਾ ਫੁਰੇ ਤਾਂ ਸੁਖ ਹੋਵੇ। ੩੦।

### ਕੰਨ ਫਲ

ਜੇ ਸਜਾ ਕੰਨ ਫੁਰੇ ਤਾਂ ਮਿਲਖ ਜਾਗੀਰ ਪ੍ਰਾਪਤ ਹੋਏ ਜਯਾਰਤ ਪਾਵੇ ਭਲੀ ਬਾਤ ਹੋਵੇ॥ ੩੧ ॥ ਅਤੇ ਜੇ ਖਬਾ ਫੁਰੇ ਤਾਂ ਕੋਏ ਪਿਆਰਾ ਵਿਛੜੇ ਅਤੇ ਯਾ ਕਿਸੇ ਨਾਲ ਲੜਾਈ ਹੋਵੇ ਅਤੇ ਵਡੀ ਦਿਲਗੀਰੀ ਹੋਵੇ। ੩੨। ਅਤੇ ਜੇ ਕਦੀ ਸਜੇ ਕੰਨ ਦੀ ਕਨੂਨੀ ਫੁਰੇ ਤਾਂ [illegible] ਤੇ ਨਹਰ ਵਡਿਆਈ ਪਾਵੇ ਇਜ਼ਤ ਪਾਵੇ।੩੩। ਅਤੇ

Original with:
Language Department Punjab
Digitized by:
Panjab Digital Library

ਖਬੇ ਕਨ ਦੀ ਕਨੂਨੀ ਫੁਰੇ ਤਾਂ ਕੁਛ ਪਲਿਓਂ ਨੁਕਸਾਨ ਹੋਵੇ ਅਤੇ ਵਸੂਲ ਕੁਛ ਨਾ ਹੋਵੇ ॥ ੩੪ ॥

ਨਕ ਫਲ

ਜੇ ਨਕ ਫੁਰੇ ਤਾਂ ਦੌਲਤ ਪਾਏ ਤੇ ਗਮ ਜਾਏ ਅਤੇ ਮੇਹਨਤ ਤੋਂ ਛੁਟੇ ਤੇ ਪਰਦੇਸ ਜਾਇਕੇ ਬਹੁਤ ਨਫਾ ਪਾਵੇ।੩੫। ਜੇ ਨਕ ਸਜੀ ਵਲ ਤੇ ਫੁਰੇ ਤਾਂ ਖੁਸ਼ੀ ਹੋਇ। ੩੬। ਜੇ ਨਕ ਖਬੀ ਵਲ ਤੇ ਫੁਰੇ ਤਾਂ ਦੁਖ ਦੇਖੇ।੩੭। ਜੇ ਸਜੀ ਨਾਸ ਫੁਰੇ ਤਾਂ ਲੜਾਈ ਕਰੇ ਦਿਲਗੀਰ ਹੋਇ ॥ ੪ ॥ ਖਬੀ ਨਾਸ ਫੁਰੇ ਤਾਂ ਦੁਖ ਹੋਏ ਫੇਰ ਸੁਖ ਦੇਖੇ। ੩੮।

ਮੂੰਹ ਫੁਰਨ ਕਾ ਫਲ

ਜੇ ਸਾਰਾ ਮੂੰਹ ਫੁਰੇ ਤਾਂ ਸ਼ਾਦੀ ਦੇਖੇ ਤੇ ਦੌਲਤ ਪਾਵੇ ਯਾ ਭਲੀ ਵਸਤ ਖਾਇ। ੩੯। ਜੇ ਮੂੰਹ ਦਾ ਕੋਣਾਂ ਸਜੀ ਵਲ ਤੇ ਫੁਰੇ ਖੁਸ਼ਾਲੀ ਤੇ ਬਖਸ਼ਸ਼ ਹੋਇ । ੪੦। ਜੇ ਮੂੰਹ ਦਾ ਖਬੀ ਓਰ ਦਾ ਕੋਣਾ ਫੁਰੇ ਤਾਂ ਮਾਲ ਹਥ ਲਗੇ ਤੇ ਮੁਰਾਤਬਾ ਪਾਵੇ।। ੪੧ ॥

ਹੋਠ ਫਲ

ਜੇ ਉਪਰਲਾ ਹੋਠ ਫੁਰੇ ਤਾਂ ਦੁਸ਼ਮਨ ਰਦ ਹੋਵਨ ਅਰ ਮਾਸ਼ੂਕ ਮਿਲੇ। ੪੨ । ਜੇ ਹੇਠਲਾ ਹੋਠ ਫੁਰੇ ਤਾਂ ਮਕਸਦ ਨੂੰ ਪਹੁੰਚੇ। ਜੇ ਦੋਨੋਂ ਹੋਠ ਫੁਰਨ ਤਾਂ ਦੋਸਤ ਉਸਨੂੰ ਭਲੀ ਭਾਂਤ ਯਾਦ ਕਰਨ ॥ ੪੩ ॥

ਜੀਭ ਫਲ

ਜੇ ਜੀਭ ਫੁਰੇ ਤਾਂ ਦੁਸ਼ਮਨ ਨਾਲ ਲੜਾਈ ਹੋਵੇ ॥ ੪੪ ॥

ਗਲ ਫਲ

ਜੇ ਸਜੀ ਗਲ ਫੁਰੇ ਤਾਂ ਕੋਈ ਕੰਮ ਸਵਾਰੇ ਕਿਤੋਂ ਕੁਛ ਆਵੇ ਭਲੀ ਹੋਇ। ੪੫। ਜੇ ਖਬੀ ਗਲ ਫੁਰੇ ਤਾਂ ਕੋਈ ਅਜਿਹਾ ਕੰਮ ਹੋਵੇ ਜਿਸ ਤੋਂ ਸ਼ਰਮਿੰਦਾ ਹੋਵੇ ॥ ੪੬ ॥ਜੇ ਦੋਨੋਂ ਗਲਾਂ ਇਕਠੀਆਂ ਫੁਰਨ ਤਾਂ ਬੇਨਿਆਜ ਹੋਇ। ੪੭।

ਤਾਲੂ ਫਲ

ਜੇ ਤਾਲੂ ਵਿਚ ਤੇ ਫੁਰੇ ਤਾਂ ਨਯਾਮਤ ਤੇ ਮੁਰਾਤਬਾਪਾਵੇ।੪੮।ਜੇ ਸਜੀ ਵਲ ਤਾਲੂ ਫੁਰੇ ਤਾਂ ਬੀਰ ਹੋਇ। ੪੯।ਜੇ ਤਾਲੂ ਖਬੀ ਵਲ ਤੇ ਫੁਰੇ ਤਾਂ ਗ਼ਮ ਪੈਦਾ ਹੋਇ ॥੫੦॥

Original with:
Language Department Punjab
Digitized by:
Panjab Digital Library

ਦੰਦ ਫਲ

ਜੇ ਦੰਦ ਉਪਰਲੇ ਸਜੀ ਵਲ ਤੇ ਫੁਰਨ ਤੇ ਬੇਟਾ ਹੋਇ॥ ੫੧ ॥ ਜੇ ਦੰਦ ਖਬੀ ਵਲ ਤੇ ਫੁਰਨ ਤਾਂ ਹਰਾਮ ਦੇ ਪੈਸੇ ਉਸਨੂੰ ਹਥ ਲਗਨ। ੫੨।

ਠੋਡੀ ਫਲ

ਜੇ ਠੋਡੀ ਫੁਰੇ ਤਾਂ ਹਸਮੁਖ ਮਿਤ੍ਰ ਮਿਲੇ ਯਾ ਲੜਾਈ ਹੋਵੇ ਤਾਂ ਫਤੇ ਪਾਇ ॥ ੫੩ ॥

ਗਰਦਨ ਫਲ

ਜੇ ਗਰਦਨ ਵਿਚ ਤੇ ਫੁਰੇ ਤਾਂ ਪੈਸੇ ਹਥ ਲਗਨ ਵਡਾਈ ਪਾਵੇ ॥ ੫੪ ॥ ਗਰਦਨ ਖਬੀ ਵਲ ਤੇ ਫੁਰੇ ਤਾਂ ਦੁਖ ਪਾਵੇ ਤੇ ਮੇਹਨਤ ਕਰਨੀ ਪਵੇ॥ ੫੫ ॥

ਮੋਢੇ ਫਲ

ਜੇ ਖਬਾ ਮੋਢਾ ਫੁਰੇ ਤਾਂ ਸ਼ਤਰੂ ਨਾਲ ਮੇਲ ਹੋਇ। ੫੬ ।ਜੇ ਸਜਾ ਮੋਢਾ ਫੁਰੇ ਤਾਂ ਨਯਾਮਤ ਅਰ ਵਡਿਆਈ ਪਾਵੇ ॥ ੫੭ ॥

ਬਾਜੂ ਫਲ

ਸਜਾ ਬਾਜੂ ਫੁਰੇ ਤਾਂ ਥੋੜਾ ਗਮ ਦੇਖਨ ਤੇ ਫੇਰ ਖੁਸ਼ਾਲੀ ਦੇਖੇ ਧਨ ਹਥ ਲਗੇ ਤੇ ਮਿਤ੍ਰ ਮਿਲੇ। ੫੮। ਜੇ ਖਬਾ ਬਾਜੂ ਫਰਕੇ ਤਾਂ ਕੁਛ ਨੁਕਸਾਨ ਹੋਵੇ। ੫੯। ਜੇ ਦੋਨੋ ਬਾਜੂ ਫਰਕਨ ਤਾਂ ਕਿਸੇ ਨਾਲ ਲੜਾਈ ਹੋਵੇ ਯਾ ਘਰ ਵਿਚ ਲੜਾਈ ਕਲੇਸ਼ ਹੋਵੇ ॥ ੬੦ ॥

ਪੌਂਚੇ ਦਾ ਫਲ

ਜੇ ਸਜੇ ਹਥ ਦਾ ਪੌਂਚਾ ਫਰਕੇ ਤਾਂ ਉਸਦਾ ਬੁਰਾ ਚਾਹਨ ਵਾਲੇ ਸਜਾ ਪਾਵਨ । ੬੧ । ਜੇ ਖਬੇ ਹਥ ਦਾ ਪੌਂਚਾ ਫਰਕੇ ਤਾਂ ਸਰਕਾਰੋਂ ਮੁਰਾਤਬਾ ਪਾਇ ॥ ੬੨ ॥

ਹਥੇਲੀ ਫਰਕਨ ਦਾ ਫਲ

ਜੇ ਸਜੀ ਹਥੇਲੀ ਫਰਕੇ ਤਾਂ ਦੌਲਤ ਤੇ ਇਜਤ ਪਾਵੇ। ੬੩ ਜੇ ਖਬੀ ਹਥੇਲੀ ਫਰਕੇ ਤਾਂ ਅਪਨੇ ਮਨੋਰਥ ਨੂੰ ਪਾਵੇ। ੬੪।

ਹਥ ਦੀਆਂ ਉਂਗਲੀਆਂ ਦਾ ਫਲ

ਜੇ ਅੰਗੂਠਾ ਸਜੇ ਹਥ ਦਾ ਫਰਕੇ ਤਾਂ ਮਕਸਦ ਸ਼ਿਤਾਬ ਹਾਸਲ ਹੋਵੇ। ੬੫। ਦੂਸਰੀ ਉਂਗਲੀ ਸਜੇ ਹਥ ਦੀ ਫਰਕੇ ਤਾਂ ਦੁਸ਼ਮਨੀ ਵ

Original w...
Language Department Punjab
Digitized by:
Panjab Digital Library

॥ ੬੬ ॥ ਤੀਸਰੀ ਉਂਗਲੀ ਸਜੇ ਹਥ ਦੀ ਫਰਕੇ ਤਾਂ ਖੁਸ਼ਾਲੀ ਦੇਖੇ। ੬੭। ਚੌਥੀ ਉਂਗਲੀ ਸਜੇ ਹਥ ਦੀ ਫਰਕੇ ਮਿਤ੍ਰ ਤੋਂ ਲਾਭ ਹੋਇ ।੬੮ । ਪੰਜਵੀਂ ਸਜੀ ਚੀਚੀ ਉਂਗਲੀ ਫਰਕੇ ਤਾਂ ਖੁਲਾਸੀ ਹੋਇ ਮਹਿਮਾਨ ਉਸ ਦੇ ਘਰ ਆਵੇ ।੬੯ । ਸਜੇ ਹਥ ਦੀ ਉਂਗਲੀਆਂ ਦੀ ਪਿਠ ਫਰਕੇ ਤਾਂ ਬੜਾ ਦੁਖ ਪਾਵੇ। ੭੦। ਸਜੇ ਹਥ ਦੇ ਨਹੁੰ ਫਰਕਨ ਤਾਂ ਕਿਸੇ ਨਾਲ ਲੜਾਈ ਹੋਇ ॥ ੭੧ ।

ਖਬੇ ਹਥ ਦੀਆਂ ਉਗਲੀਆਂ ਦਾ ਫਲ

ਖਬੇ ਹਥ ਦਾ ਅੰਗੂਠਾ ਫਰਕੇ ਤਾਂ ਦੁਖ ਪਾਵੇ ।੭੨। ਦੂਜੀ ਫਰਕੇ ਤਾਂ ਲੜਾਈ ਹੋਇ ਤੇ ਹਾਰੇ ।੭੩। ਤੀਜੀ ਫਰਕੇ ਤਾਂ ਦਿਲਗੀਰੀ ਹੋਇ ।੭੪। ਚੌਥੀ ਉਂਗਲੀ ਖਬੀ ਫਰਕੇ ਤਾਂ ਮਾਇਆ ਹਥ ਲਗੇ। ੭੫। ਪੰਜਵੀ ਉਂਗਲੀ ਫਰਕੇ ਤਾਂ ਨਯਾਮਤ ਪਾਇ। ੭੬।

ਢਿਡ ਫਲ

ਢਿਡ ਫਰਕੇ ਤਾਂ ਮਨ ਵਾਛਤ ਫਲ ਪਾਇ ਸਭ ਕਾਰਜ ਸਿਧ ਹੋਇ। ੭੭।

ਵਖੀ ਫਲ

ਸਜੀ ਵਖੀ ਫਰਕੇ ਤਾਂ ਦੌਲਤ ਪਾਇ । ੭੮ । ਖਬੀ ਵਖੀ ਫਰਕੇ ਤਾਂ ਨਜਰ ਨ ਲਗੇ। ੭੯।

ਪਿਠ ਫਲ

ਪਿਠ ਫਰਕੇ ਤਾਂ ਸਭ ਅਭਲਾਖਾ ਪੂਰੀ ਹੋਇ। ੮੦। ਸਜੀ ਵਲ ਫਰਕੇ ਤਾਂ ਉਸਦਾ ਰਿਜਕ ਕਮ ਹੋਇ । ੮੧। ਖਬੀ ਵਲ ਫਰਕੇ ਤਾਂ ਮਾਰੀ ਆਇ। ੮੨। ਪਿਠ ਵਿਚੋਂ ਫਰਕੇ ਤਾਂ ਦੌਲਤ ਮਿਲੇ। ੮੩।

ਬਗਲ ਫਲ

ਸਜੀ ਬਗਲ ਫਰਕੇ ਤਾਂ ਮਾਲ ਦਾ ਨੁਕਸਾਨ ਹੋਇ। ੮੪। ਖਬੀ ਗਲ ਫਰਕੇ ਤਾਂ ਬੀਮਾਰੀ ਹੋਇ । ੮੫

ਕਮਰ ਫਲ

ਕਮਰ ਫਰਕੇ ਤਾਂ ਮੇਹਨਤ ਸੇ ਛੁਟੇ ਖਜਾਨਾ ਦਬਿਆ ਹੋਯਾ ਮਿਲੇ।੮੬

ਚੁਤੜ ਫਲ

ਸਜਾ ਚੁਤੜ ਫੁਰੇ ਤਾਂ ਮਾਲ ਪਾਵੇ ਖੁਸ਼ੀ ਹੋਇ। ੮੭। ਖਬਾ ਚੁਤੜ

Original with:
Language Department Punjab
Digitized by:
Panjab Digital Library

ਸੀਨਾ ਫਲ

ਸੀਨਾ ਫੁਰਕੇ ਤਾਂ ਕੋਈ ਪਿਆਰਾ ਪਰਦੇਸ ਤੋਂ ਆਇ ਮਿਲੇ ।੮੯। ਸੀਨਾ ਸਜੀ ਵਲ ਸੇ ਫੁਰਕੇ ਤਾਂ ਕੋਈ ਬੁਰਾ ਕਰਮ ਕਰਾਵੈ। ੯੦।

ਚੂਚੀਯਾਂ ਫਲ

ਸਜੀ ਚੂਚੀ ਫੁਰੇ ਤਾਂ ਫਿਕਰ ਕਰਾਵੇ। ੯੧। ਖਬੀ ਚੂਚੀ ਫੁਰੇ ਤਾਂ ਮਾਲ ਪਾਵੇ। ੯੨।

ਇੰਦ੍ਰੀ ਫਲ

ਲਿੰਗ ਫੁਰੇ ਤਾਂ ਅਪਨੇ ਮਤਲਬ ਨੂੰ ਪਹੁੰਚੇ। ੯੧।

ਗੁਦਾ ਫਲ

ਗੁਦਾ ਫੁਰੇ ਤਾਂ ਮਾਲ ਤੇ ਪੈਸੇ ਪਾਵੇਂ। ੯੨।

ਰਾਨ ਫਲ

ਜੇ ਸਜੀ ਰਾਨ ਫਰਕੇ ਤਾਂ ਮਾਲ ਵਡਿਆਈ ਪਾਵੇ ॥ ੯੫। ਜੇ ਖਬੀ ਰਾਨ ਫੁਰੇ ਤਾਂ ਕਿਸੇ ਦੇ ਆਏ ਤੇ ਖ਼ੁਸ਼ਾਲੀ ਦੇਖੇ। ੯੬। ਜੇ ਸਜੀ ਰਾਨ ਅੰਦਰ ਤੇ ਫੁਰੇ ਤਾਂ ਮਾਲ ਤੇ ਰੁਤਬਾਪਾਇ। ੯੭ ॥ ਜੇ ਖਬੀ ਰਾਨ ਅੰਦਰ ਤੇ ਫੁਰੇ ਤਾਂ ਭਲਾਈ ਪਾਵੇ ॥ ੯੮ ॥

ਗੋਡੇ ਫਲ

ਜੇ ਸਜਾ ਗੋਡਾ ਫੁਰੇ ਤਾਂ ਦਿਲਗੀਰ ਹੋਇ। ੯੯। ਜੇਖਬਾ ਫੁਰੇ ਤਾਂ ਉਸਦੇ ਦੁਸ਼ਮਨ ਨਸਨ।੧੦੦। ਜੋ ਸਜੇ ਜਾਨੂ ਦਾ ਸਿਰ ਫਰਕੇ ਤਾਂ ਦੁਸ਼ਮਨ ਨਾਲ ਲੜਾਈ ਹੋਇ। ੧੦੧। ਜੇ ਖਬਾ ਜਾਨੂ ਫਰਕੇ ਤਾਂ ਇਕੰਤ ਜਮਾ ਮਿਲੇ ॥ ੧੦੨ ॥

ਪਿੰਨੀ ਫਲ

ਜੇ ਸਜੀ ਪਿੰਨੀ ਫਰਕੇ ਤਾਂ ਕੋਈ ਉਸਨੂੰ ਤੋਹਮਤ ਲਗੇ। ੧੦੩। ਜੇ ਖਬੀ ਪਿੰਨੀ ਫੁਰਕੇ ਉਸ ਦੇ ਦੁਸ਼ਮਨ ਖਰਾਬ ਹੋਵਨ॥ ੧੦੪ ॥

ਗਿਟੇ ਫਲ

ਸਜਾ ਗਿਟਾ ਫੁਰਕੇ ਤਾਂ ਖ਼ੁਸ਼ਾਲੀ ਦੇਖੇ। ੧੦੫। ਖਬਾ ਗਿਟਾ ਫਰਕੇ ਤਾਂ ਕਿਸੇ ਨਾਲ ਲੜਾਈ ਹੋਇ ॥ ੧੦੬ ॥

ਅਡੀ ਫਲ

ਸਜੇ ਪੈਰ ਦੀ ਅਡੀ ਫਰਕੇ ਤਾਂ ਕਿਸੇ ਜਗਹ ਬੈਠੇ ਜਗੀਰ ਉਸਦੀ

Original with:
Language Department Punjab
Digitized by:
Panjab Digital Library

ਬਰਕਰਾਰ ਹੋਵੇ। ੧੦੭। ਖਬੇ ਪੈਰ ਦੀ ਅਡੀ ਫਰਕੇ ਤਾਂ ਬਹੁਤ ਖੁਸ਼ਾਲੀ ਹੋਇ ॥ ੧੦੮ ॥

### ਪੈਰਾਂ ਦੀ ਤਲੀ ਦਾ ਫਲ

ਅਗਰ ਸਜੇ ਪੈਰ ਦੀ ਤਲੀ ਫਰਕੇ ਤਾਂ ਬਹੁਤ ਖੁਸ਼ੀ ਪਾਵੇ। ੧੦੯। ਖਬੀ ਤਲੀ ਪੈਰਦੀ ਫਰਕੇ ਤਾਂ ਕਿਸੇ ਦੀ ਇੰਤਜਾਰੀ ਹੋਵੇ। ੧੧੦ ।ਦੋਵੇਂ ਤਲੀਆਂ ਫੁਰਨ ਤਾਂ ਮੁਸਾਫਰੀ ਦੇਖੇ ਤੇ ਦੋਲਤ ਪਾਵੇ ।੧੧੧ ।

### ਪੈਰ ਦੀ ਪਿਠ ਫਲ

ਸਜੇ ਪੈਰ ਦੀ ਪਿਠ ਫਰਕੇ ਤਾਂ ਉਸਤੇ ਸਭ ਰਾਜੀ ਹੋਵਨ ।੧੧੨। ਖਬੇ ਪੈਰ ਦੀ ਪਿਠ ਫਰਕੇ ਤਾਂ ਮਾਲ ਹਥ ਲਗੇ। ੧੧੩।

### ਪੈਰ ਦੀ ਉਂਗਲੀ ਦਾ ਫਲ

ਸਜੇ ਪੈਰ ਦਾ ਅੰਗੂਠਾ ਫਰਕੇ ਤਾਂ ਗਮ ਦੂਰ ਹੋਵੇ। ੧੧੪। ਦੂਸਰੀ ਫਰਕੇ ਤਾਂ ਸੁਖ ਹੋਇ। ੧੧੫ ।ਤੀਜੀ ਫਰਕੇ ਤਾਂ ਦੁਖ ਦੇਖੇ। ੧੧੬। ਚੌਥੀ ਫਰਕੇ ਤਾਂ ਖੁਸ਼ਾਲੀ ਦੇਖੇ। ੧੧੭। ਪੰਜਵੀ ਫਰਕੇ ਤਾਂ ਬਹੁਤ ਅਛੀ ਹੈ। ੧੧੮। ਸਜੇ ਪੈਰ ਦੀਆਂ ਸਭ ਉਂਗਲੀਆਂ ਫਰਕਨ ਤਾਂ ਕੁਛ ਬੁਰਾਈ ਦੇਖੇ ਪਰ ਅੰਤ ਭਲਾ ਹੋਏ ॥ ੧੧੯ ॥ ਜੇ ਖਬੇ ਪੈਰ ਦਾ ਅੰਗੂਠਾ ਫਰਕੇਤਾਂ ਦੌਲਤਪਾਵੇ ।੧੨੦। ਖਬੇ ਪੈਰ ਦੀ ਪੈਹਲੀ ਉਂਗਲੀ ਫਰਕੈ ਤਾਂ ਜਸ ਪਾਵੇ। ੧੨੧। ਦੂਜੀ ਫਰਕੇ ਤਾਂ ਖੁਸ਼ਾਲੀ ਹੋਇ। ੧੨੨। ਤੀਜੀ ਫਰਕੇ ਤਾਂ ਲੜਾਈ ਹੋਇ। ੧੨੩। ਚੋਥੀ ਫਰਕੇ ਤਾਂ ਸਫ਼ਰ ਦੇਖੇ। ੧੨੪। ਪੰਜਵੀਂ ਫਰਕੈ ਤਾਂ ਮਿਤਰ ਨਾਲ ਲੜਾਈ ਹੋਵੇ । ੧੨੫ । ਜੇ ਸਭੇ ਉਂਗਲੀਆਂ ਪੈਰ ਦੀਆਂ ਫਰਕਨ ਤਾਂ ਦੁਖ ਤੋਂ ਛੁਟੇ॥ ੧੨੬ ॥

### ਪੈਰਾਂ ਦੇ ਨਖਾਂ ਦਾ ਫਲ

ਪੈਰ ਦੇ ਸਜੇ ਨਖ ਫਰਕਨ ਤਾਂ ਕਿਸੀ ਨਾਲ ਲੜਾਈ ਹੋਇ ।੧੨੭। ਖਬੇ ਪੈਰ ਦੇ ਨਖ ਫੁਰਨ ਤਾਂ ਭਲਾਈ ਪਾਇ ।੧੨੮। ਪਹਿਲੇ ਪਹਿਰ ਅੰਗ ਫਰਕੇ ਤਾਂ ਤਤਕਾਲ ਫਲ ਪਾਵੇ। ੧੨੯॥ਦੂਜੇ ਪਹਿਰ ਫਰਕੇ ਤਾਂ ਤੀਜੇ ਦਿਨ ਫਲ ਪਾਵੇ ॥ ੧੩੦। ਤੀਜੇ ਪਹਿਰ ਫਰਕੇ ਤਾਂ ੧੫ ਦਿਨੀ [illegible] । ੧੩੧ । ਚੌਥੇ ਪਹਿਰ ਅੰਗ ਫਰਕੇਤਾਂ ਪਹੀਣਾਂ ਪਿਛੋਂ ।੧੩੨

Original with:
Language Department Punjab
Digitized by:
Panjab Digital Library